# THE CREATIVE AND TRUSTING ACT OF THE HUMAN MIND: BATTI BALDI HAI

# ਮਨੁੱਖੀ ਮਨ ਦਾ ਸਿਰਜਨਾਤਮਕ ਅਤੇ ਭਰੋਸਗੀ ਦਾ ਅਮਲ: ਬੱਤੀ ਬਲ਼ਦੀ ਹੈ

**ਡਾ. ਗੁਰਪ੍ਰੀਤ ਸਿੰਘ** (Dr. Gurpreet Singh)

**ਸਹਾਇਕ ਪ੍ਰੋਫ਼ੈਸਰ, ਪੰਜਾਬੀ**

**ਗੋਵਿੰਦ ਨੈਸ਼ਨਲ ਕਾਲਜ, ਨਾਰੰਗਵਾਲ** (ਪੰਜਾਬ)

Email ID: gurpreetrkt@yahoo.in ਮੋਬਾਈਲ: +91- 95010-25428

**ABSTRACT**

*ਸ਼ਾਇਰ ਰਣਜੀਤ ਆਪਣੀ ਪਹਿਲੀ ਕਾਵਿ ਕਿਤਾਬ 'ਬੱਤੀ ਬਲਦੀ ਹੈ' ਰਾਹੀਂ ਹੀ ਗਿਆਨ ਦਾ ਦੀਪਕ ਬਲਦਾ ਰੱਖਣ ਲਈ ਅਨੁਭਵ ਅਤੇ ਸ਼ਾਇਰੀ ਦੇ ਸੁਮੇਲ ਰਾਹੀਂ ਤੇਲ ਪਾ ਰਿਹਾ ਹੈ। ਉਹ ਕਾਇਨਾਤ ਵਿਚ ਗਿਆਨ ਦਾ ਦੀਵਾ ਬਲਦਾ ਰੱਖਣਾ ਚਾਹੁੰਦਾ ਹੈ। ਰਣਜੀਤ ਦੀ ਕਵਿਤਾ ਬੇਸਹਾਰੇ ਲਈ ਉਮੀਦ ਅਤੇ ਜੀਵਨ ਦੀ ਕਵਿਤਾ ਹੈ। ਇਹ ਬੇਆਸ ਨਹੀਂ ਹੋਣ ਦਿੰਦੀ। ਇਹ ਬੇਰਸ ਨਹੀਂ ਹੋਣ ਦਿੰਦੀ। ਇਹ ਤੰਗੀਆਂ ਤੁਰਸ਼ੀਆਂ ਨਾਲ ਜੂਝ ਰਹੇ ਮਨੁੱਖ ਲਈ ਬਲ ਬਣਦੀ ਹੈ। ਤੰਗੀਆਂ ਤੁਰਸ਼ੀਆਂ ਵਿਚ ਜੀ ਕੇ ਅੱਗੇ ਵਧਣਾ ਇਸ ਕਵਿਤਾ ਦਾ ਪ੍ਰੇਰਕ ਕਾਰਜ ਹੈ। ਕਵੀ ਦੇ ਕਲੇਵਰ ਵਿਚ ਮਨੁੱਖ ਹੀ ਨਹੀਂ ਹੁੰਦਾ ਸਮੁੱਚੀ ਕਾਇਨਾਤ ਹੁੰਦੀ ਹੈ। ਉਹ ਕਾਇਨਾਤ ਵਿਚੋਂ ਹੀ ਚਿੰਨਾਂ ਅਤੇ ਬਿੰਬਾਂ ਦੇ ਸਹਾਰੇ ਸਮਾਜਕ ਹੋਂਦ ਦੀ ਪਹਿਚਾਣ ਕਰਦਾ ਹੈ। ਉਸ ਲਈ ਕੁਝ ਵੀ ਓਪਰਾ ਜਾਂ ਪਰਾਇਆ ਨਹੀਂ ਹੁੰਦਾ, ਉਸਦਾ ਆਪਣਾ ਹੁੰਦਾ ਹੈ। ਉਹ ਪੰਜਾਬ ਦੀ ਦੂਸ਼ਿਤ ਤੇ ਪਲੀਤ ਹੁੰਦੀ ਜਾ ਰਹੀ ਆਬ ਓ ਹਵਾ ਪ੍ਰਤੀ ਸੰਜੀਦਾ ਸ਼ਾਇਰ ਹੈ। ਉਸ ਅੰਦਰ ਮਾਂ ਦੇ ਦਰਦ ਦੀ ਚੀਸ ਹੈ, ਏਸੇ ਕਰਕੇ ਉਸਦੀਆਂ 8 ਤੋਂ ਵੱਧ ਕਵਿਤਾਵਾਂ ਵਿਚ ਮਾ ਕੇਂਦਰ ਵਿਚ ਹੈ। ਉਹ ਮਾਂ ਦਾ ਪ੍ਰਕਾਰਜ ਸਮਾਜਿਕਤਾ ਨੂੰ ਸਮਰਪਤ ਕਰਦਾ ਹੈ। ਉਹ ਮਨੁੱਖੀ ਮਾਂ ਦੇ ਘੇਰੇ ਤੱਕ ਹੀ ਸੀਮਤ ਨਹੀਂ ਕਰਦਾ, ਉਹ ਇਸ ਨੂੰ ਪਰਿੰਦਿਆਂ ਦੀਆਂ ਮਾਵਾਂ ਦੇ ਹੇਜ ਤੱਕ ਲੈ ਜਾਂਦਾ ਹੈ। ਇਹ ਉਸਦੀ ਕਵਿਤਾ ਦਾ ਵੱਡਪਣ ਹੈ। ਉਸਦੀ ਕਵਿਤਾ ਹਾਸ਼ੀਏ ਤੇ ਰਹੇ ਗਏ ਮਨੁੱਖ ਨੂੰ ਕੇਂਦਰ ਵਿਚ ਲੈ ਕੇ ਆਉਂਦੀ ਹੈ। ਰਣਜੀਤ ਦੀ ਸ਼ਾਇਰੀ ਦੇ ਚਿੰਨ ਆਰਥਿਕ ਥੁੜਾਂ ਮਾਰੇ ਲੋਕ ਲਈ ਇਕ ਜਿਉਣ ਦਾ ਜਜ਼ਬਾ ਬਣਦੇ ਹਨ। ਉਹ ਥੱਕਦੇ ਜਾ ਟੁਟਦੇ ਨਹੀਂ ਪਰ ਅੱਗੇ ਜਰੂਰ ਵਧਦੇ ਨੇ। ਉਨ੍ਹਾਂ ਦਾ ਸਬਰ ਕਵਿਤਾ ਦਾ ਰੂਪਕ ਬਣਦਾ ਹੈ। ਸਖ਼ਤ ਮਿਹਨਤ ਉਨ੍ਹਾਂ ਦਾ ਅਧਾਰ ਬਣਦੀ ਹੈ। ਉਮੀਦ ਉਨ੍ਹਾਂ ਦਾ ਦਮ ਬਣਦੀ ਹੈ।*

***ਕੀ ਵਰਡ : ਸ਼ਾਇਰ ਰਣਜੀਤ, ਸ਼ਾਇਰੀ, ਕਵਿਤਾ, ਸਮਾਜਕ ਚੇਤਨਾ, ਉਮੀਦ, ਸਮਾਜਕ ਦ੍ਰਿਸ਼ਟੀਕੋਣ, ਔਰਤ।***

ਕਵਿਤਾ ਵਿੱਚ ਕਵੀ ਸਿਰਫ ਅਰਥਾਂ ਦਾ ਸੰਚਾਰ ਹੀ ਨਹੀਂ ਕਰ ਰਿਹਾ ਹੁੰਦਾ ਸਗੋਂ ਉਹ ਆਪਣੀ ਸਿਰਜਨਾਤਮਕਤਾ ਰਾਹੀਂ ਨਵੇਂ ਅਰਥ ਉਤਪਾਦਨ ਵੀ ਸਿਰਜ ਰਿਹਾ ਹੁੰਦਾ ਹੈ। ਉਹ ਸ਼ਬਦ ਅਤੇ ਅਰਥਾਂ ਦੇ ਸਹਾਰੇ ਸਮਾਜਿਕ ਵਿਵਹਾਰ ਨੂੰ ਆਪਣੀ ਸਿਰਜਣਾ ਸ਼ਕਤੀ ਦਾ ਆਹਾਰ ਬਣਾਉਂਦਾ ਹੈ। ਕਵਿਤਾ ਵਿੱਚ ਸ਼ਾਇਰ ਕੇਵਲ ਦਿਸਦੀਆਂ ਸ਼ਬਦ ਬਣਤਰਾਂ ਨਾਲ ਹੀ ਨਹੀਂ ਜੁੜਦਾ, ਉਹ ਸਮਾਜਿਕ ਆਵਾਜਾਰੀਆਂ ਨਾਲ ਵੀ ਦੋ-ਚਾਰ ਹੁੰਦਾ ਰਹਿੰਦਾ ਹੈ। ਸਮਾਜਿਕ ਵਿਵਹਾਰ ਉਸ ਦੀ ਰਚਨਾ ਦਾ ਆਧਾਰ ਬਣਦਾ ਹੈ। ਸ਼ਾਇਰ ਦੀ ਮੈਂ-ਮੁਲਕਤਾ ਜਦੋਂ ਮਾਧਿਅਮ ਬਣ ਜਾਂਦੀ ਹੈ ਤਾਂ ਉਹ ਰਚਨਾ ਸਮਾਜਿਕਤਾ ਦਾ ਰੂਪ ਅਖਤਿਆਰ ਕਰ ਲੈਂਦੀ ਹੈ।

ਸ਼ਾਇਰ ਕੇਵਲ ਰਚਨਾ ਦਾ ਕਾਰਜ ਹੀ ਪੂਰਾ ਨਹੀਂ ਕਰਦਾ ਸਗੋਂ ਉਸ ਵਿੱਚ ਅਨੁਭਵ, ਭਾਸ਼ਾ, ਗਿਆਨ, ਪਰੰਪਰਾ, ਸੱਭਿਆਚਾਰਕ ਰਹਿਤਲ ਅਤੇ ਲੰਮਾ ਇਤਿਹਾਸਿਕ ਸਫਰ ਪਿਆ ਹੁੰਦਾ ਹੈ। ਕਿਸੇ ਵੀ ਰਚਨਾ ਨੂੰ ਸਮਝਣ ਲਈ ਇਤਿਹਾਸਿਕ ਸਮਾਜਿਕ ਪ੍ਰਸਥਿਤੀਆਂ ਨੂੰ ਸਮਝਣਾ ਬੇਹਦ ਜਰੂਰੀ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਮਾਜਿਕ ਚੇਤਨਾ ਦੇ ਵਿਭਿੰਨ ਰੂਪ ਵਿਅਕਤੀਗਤ ਚੇਤਨਾ, ਧਾਰਮਿਕ ਚੇਤਨਾ, ਕਾਨੂੰਨ ਚੇਤਨਾ, ਰਾਜਨੀਤਿਕ ਚੇਤਨਾ, ਸੁਹਜ ਚੇਤਨਾ ਨੂੰ ਜਾਣੇ ਬਗੈਰ ਸਮਾਜਿਕਤਾ ਦਾ ਭੇਦ ਸਮਝ ਨਹੀਂ ਆ ਸਕਦਾ। ਰੂਪ ਦਾ ਪ੍ਰਮੁੱਖ ਗੁਣ ਗਤੀਸ਼ੀਲਤਾ ਮੰਨਿਆ ਜਾਂਦਾ ਹੈ। ਵਸਤੂ ਉਸਦਾ ਪ੍ਰਕਾਰਜੀ ਸਰੂਪ ਹੈ। ਹਰ ਵਸਤੂ ਦੇ ਗਤੀਸ਼ੀਲ ਹੋਣ ਦਾ ਗੁਣ ਉਸ ਦਾ ਅੰਤ ਨਹੀਂ ਕਰਦਾ ਸਗੋਂ ਉਸਦੇ ਅਗਲੇ ਅਤੇ ਵਿਕਾਸਮਈ ਸਫ਼ਰ ਵੱਲ ਤੋਰ ਦਿੰਦਾ ਹੈ। ਸ਼ਬਦਾਂ ਅਤੇ ਅਰਥਾਂ ਦੀ ਗਤੀਸ਼ੀਲਤਾ ਕਰਕੇ ਹੀ ਸਾਹਿਤਕ ਵਿਕਾਸ ਹੁੰਦਾ ਰਹਿੰਦਾ ਹੈ। ਸ਼ਬਦਾਂ ਅਤੇ ਅਰਥਾਂ ਦੇ ਸਹਾਰੇ ਨਾਲ ਅਸਲ ਸਮਾਜਕ ਸੱਚ ਨੂੰ ਰੂਪਮਾਨ ਕੀਤਾ ਜਾ ਸਕਦਾ ਹੈ। ਜਿਵੇਂ :-

*ਸ਼ਬਦ ਇਸ ਤਰ੍ਹਾਂ ਦੇ ਹੋਣ*
*ਅਰਥ ਉਸ ਤਰ੍ਹਾਂ ਦੇ ਹੋਣ*

*ਬੇਤੁਕਾ ਮਨ ਨੂੰ ਖਿਆਲ ਆ ਗਿਆ*

*ਨਾਲ ਮਨ ਨੂੰ ਸਵਾਲ ਆ ਗਿਆ*

*ਜੇ ਸ਼ਬਦ ਇਸ ਤਰ੍ਹਾਂ ਦੇ ਹੋਣਗੇ*

*ਤਾਂ ਕਿਵੇਂ ਅਰਥ ਉਸ ਤਰ੍ਹਾਂ ਦੇ ਹੋਣਗੇ।* [1]

ਸ਼ਾਇਰ ਉਸਦੇ ਆਲੇ ਦੁਆਲੇ ਵਿੱਚ ਵਾਪਰ ਰਹੀਆਂ ਘਟਨਾਵਾਂ ਦੀ ਵਿਆਖਿਆ ਨਹੀਂ ਕਰਦਾ ਸਗੋਂ ਉਹ ਇਸ ਵਿਆਖਿਆ ਸ਼ਾਸਤਰ ਦੇ ਦੰਭ ਵਿੱਚੋਂ ਕੱਢ ਕੇ ਗੁਪਤ ਕਾਰਜ ਕਰ ਰਹੀਆਂ ਸ਼ਕਤੀਆਂ ਦੇ ਭੇਦ ਨੂੰ ਲੁਕਾਈ ਸਾਹਮਣੇ ਰੱਖਦਾ ਹੈ।

ਕਵਿਤਾ ਦੇ ਅਰਥ ਆਮ ਭਾਸ਼ਾਵਾਂ ਸਿੱਧੇ ਜਾਂ ਸਪਾਟ ਨਹੀਂ ਹੁੰਦੇ ਇਹਨਾਂ ਵਿੱਚ ਸੁਹਜਾਤਮਕ ਅਮਲ ਕਾਰਜ ਕਰ ਰਿਹਾ ਹੁੰਦਾ ਹੈ। ਕੋਈ ਵੀ ਕਵਿਤਾ ਆਪਣੇ ਸਮੇਂ ਦੀਆਂ ਸਮਾਜਿਕ ਵਿਵਸਥਾਵਾਂ ਤੋਂ ਅਭਿੱਜ ਨਹੀਂ ਹੁੰਦੀ। ਜਿਹੜੀ ਕਵਿਤਾ ਸਮਾਜਿਕ ਵਿਵਸਥਾਵਾਂ ਤੋਂ ਅਭਿੱਜ ਹੁੰਦੀ ਆ ਉਸ ਨੂੰ ਕਵਿਤਾ ਨਹੀਂ ਕਿਹਾ ਜਾ ਸਕਦਾ। ਕਾਵਿ ਮੁਹਾਵਰਾ ਹਮੇਸ਼ਾ ਹੀ ਪ੍ਰਸੰਗ- ਮੂਲਕ ਹੁੰਦਾ ਹੈ। ਇਸ ਨੂੰ ਕਦੀ ਵੀ ਇੱਕੋ ਲੈਅ, ਇਕੋ ਸਮਝ, ਇਕੋ ਰਮਜ ਮੁਤਾਬਕ ਸਮਝਿਆ ਜਾਂ ਬੁਝਿਆ ਨਹੀਂ ਜਾ ਸਕਦਾ। ਭਗਵਾਨ ਢਿੱਲੋਂ ਦਾ ਵਿਚਾਰ ਹੈ:

*"ਸ਼ਾਇਰ ਦੇ ਰਣਜੀਤ ਦੇ ਕਾਵਿ ਪ੍ਰਵਚਨ ਦੀਆਂ ਤਹਿਆਂ ਨੂੰ ਜਿਉਂ-ਜਿਉਂ ਫਰੋਲਦੇ ਹਾਂ ਤਾਂ ਆਧੁਨਿਕ ਭਾਵ ਬੋਧ ਦੇ ਬੰਦ ਦਰਵਾਜ਼ੇ ਖੁੱਲ੍ਹਦੇ ਜਾਂਦੇ ਹਨ। ਇਹ ਸ਼ਾਇਰ ਕਿਸੇ ਵਿਸ਼ੇਸ਼ ਵਿਚਾਰਧਾਰਾ ਦਾ ਮੁਹਤਾਜ ਨਹੀਂ ਤੇ ਨਾ ਹੀ ਉਹ ਕਿਸੇ ਇੱਕ ਵਿਚਾਰਧਾਰਾ ਲਈ ਪ੍ਰਤੀਬੱਧ ਹੈ। ਇਸਦਾ ਇਹ ਭਾਵ ਬਿਲਕੁਲ ਨਹੀਂ ਕਿ ਉਹ ਕਿਸੇ ਹੋਰ ਵਿਚਾਰਧਾਰਾ ਤੋਂ ਅਣਭਿੱਜ ਹੈ। ਉਸਦੀ ਪ੍ਰਤੀਬੱਧਤਾ ਤਾਂ ਉਸਦੀ ਸੁਹਿਰਦਤਾ ਨਾਲ ਹੈ ਤੇ ਇਸੇ ਸੁਹਿਰਦਤਾ ਦਾ ਸਧਾਰਨੀਕਰਨ ਕਰਕੇ ਉਸਨੂੰ ਜਦੋਂ ਇੱਕ ਪ੍ਰਿਜ਼ਮ ਵਿੱਚ ਦੀ ਲੰਘਾ ਕੇ ਦੇਖਦੇ ਹਾਂ ਤਾਂ ਉਸਦੀ ਸ਼ਾਇਰੀ ਮਾਨਵੀ ਸਰੋਕਾਰਾਂ ਦੇ ਵੱਖ-ਵੱਖ ਰੰਗਾਂ ਦਾ ਕੋਲਾਜ ਬਣ ਜਾਂਦੀ ਹੈ।"*[2].

ਸ਼ਾਇਰ ਆਪਣੀ ਕਵਿਤਾ ਵਿੱਚ ਸਮਾਜਿਕ ਪ੍ਰਤੀਕਰਮ ਪੇਸ਼ ਨਹੀਂ ਕਰਦਾ ਸਗੋਂ ਉਹ ਤਾਂ ਸਮਾਜਿਕ ਪ੍ਰਤੀ ਹੁੰਗਾਰਾ ਪੇਸ਼ ਕਰ ਰਿਹਾ ਹੁੰਦਾ ਹੈ। ਸ਼ਾਇਰ ਸਾਹਮਣੇ ਇੱਕ ਉਸਦਾ ਦੁਨੀਆਂ ਦਾ ਯੁੱਗ ਬੋਧ ਹੁੰਦਾ ਹੈ ਅਤੇ ਦੂਜੇ ਪਾਸੇ ਸ਼ਾਇਰ ਦੀ ਆਪਣੀ ਦਖਲਅੰਦਾਜੀ ਵੀ ਹੁੰਦੀ ਹੈ। ਸ਼ਾਇਰ ਦੀ ਵਿਵਸਥਾ ਪ੍ਰਤੀ ਕੀਤੀ ਗਈ ਦਖ਼ਲ ਅੰਦਾਜੀ ਹੀ ਉਸਨੂੰ ਕਾਵਿ ਸਿਰਜਕ ਦੀ 'ਭੱਲ' ਪ੍ਰਦਾਨ ਕਰਦੀ ਹੈ। ਉਤਪਾਦਨੀ ਸਬੰਧਾਂ ਅਤੇ ਰਿਸ਼ਤਿਆਂ ਵਿੱਚੋਂ ਹੀ ਰੂਪਾਤਮਕ ਕਾਰਜ ਉਸਰਦਾ ਹੈ। ਸ਼ਾਇਰ ਭਾਵਕ, ਬੌਧਕ, ਭੌਤਿਕ ਸੰਸਾਰ ਨੂੰ ਰੂਪ ਹੀ ਆਪਣੀ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਗਤੀਸ਼ੀਲਤਾ ਕਰਕੇ ਹੀ ਸਮਾਜਿਕ ਵਿਕਾਸ ਵਾਪਰਦਾ ਹੈ। ਹਰ ਵਸਤੂ ਦੀ ਰੂਪ ਬਦਲੀ ਪਦਾਰਥਕ ਇਤਿਹਾਸਕ ਵਿਕਾਸ ਵਿੱਚ ਪਈ ਹੁੰਦੀ ਹੈ। ਸਾਹਿਤਕ ਵਿਕਾਸ ਵਸਤੂਗਤ ਗਤੀਸ਼ੀਲਤਾ ਵਿੱਚ ਹੀ ਨਹੀਂ ਹੁੰਦਾ, ਰੂਪਗਤ ਗਤੀਸ਼ੀਲਤਾ ਵਿੱਚ ਵੀ ਵਾਪਰਦਾ ਹੈ। ਜਿਵੇਂ :-

*ਛੋਟੀ ਜਿਹੀ ਹੈ*

*ਮੇਰੀ ਜਿੰਦਗੀ ਦੀ ਦਾਸਤਾਨ*

*ਗਮ ਰਿਹਾ*

*ਖੌਲ ਦੇ ਸਾਗਰ ਜਿਹਾ*

*ਖੁਸ਼ੀ ਮਿਲੀ*

*ਸੁਕਦੇ ਦਰਿਆ ਜਿਹੀ* [3]

ਹਰ ਵਸਤੂ ਆਪਣੇ ਨਵੇਂ ਸੁਭਾਅ ਅਤੇ ਆਕਾਰ ਕਰਕੇ ਵਿਕਾਸ ਦਾ ਰੁੱਖ ਕਰਦੀ ਹੈ। ਸ਼ਾਇਰ ਦੇ ਭਾਵ ਸਮਾਜਿਕ ਸਾਪੇਖਤਾ ਵਿੱਚ ਹੁੰਦੇ ਹਨ ਨਿਰਪੇਖਤਾ ਵਿੱਚ ਨਹੀਂ ਹੁੰਦੇ। ਰਿਸ਼ਤਿਆਂ ਦੇ ਸਬੰਧ ਅਤੇ ਰਿਸ਼ਤਿਆਂ ਦੀ ਟੁੱਟ ਭੱਜ ਸ਼ਾਬਦਿਕ ਚਿੰਨਾਂ ਰਾਹੀਂ ਪੇਸ਼ ਹੁੰਦੀ ਹੈ। ਇਹ ਸ਼ਾਬਦਿਕ ਚਿੰਨ ਵਿਵਸਥਾ ਪ੍ਰਤੀ ਪ੍ਰਤੀਰੋਧੀ ਸੁਰ ਵੀ ਅਪਣਾਉਂਦੇ ਹਨ। ਡਾ. ਸਰਬਜੀਤ ਸਿੰਘ ਦਾ ਵਿਚਾਰ ਹੈ:

*"ਕਵਿਤਾ ਬਿਰਤਾਂਤਕ ਸਥਿਤੀਆਂ ਅਤੇ ਸੰਬੰਧਾਂ ਦੀ ਥਾਵੇਂ ਕਿਸੇ ਸੰਬੰਧ, ਭਾਵ, ਵਿਚਾਰ, ਮਨੋਵੇਗ, ਚਾਹਤ ਜਾਂ ਸੁਪਨੇ ਦਾ ਬਿੰਬਾਤਮਕ ਦ੍ਰਿਸ਼ ਹੁੰਦੀ ਹੈ। ਬਿੰਬਾਤਮਕਤਾ ਕਰਕੇ ਕਵਿਤਾ ਦੀ ਭਾਸ਼ਾ ਸੂਖ਼ਮ ਸੰਕੇਤਾਂ, ਰਮਜ਼ਾਂ, ਪ੍ਰਤੀਕਾਂ ਵਾਲੀ ਹੁੰਦੀ ਹੈ। ਇਨ੍ਹਾਂ ਕਰਕੇ ਹੀ ਕਵਿਤਾ ਸਮੂਰਤ ਹੁੰਦੀ ਹੈ। ਜਦੋਂ ਕਵਿਤਾ ਬਿੰਬਾਂ, ਪ੍ਰਤੀਕਾਂ, ਸੰਕੇਤਾਂ ਦਾ ਦ੍ਰਿਸ਼ ਨਾ ਬਣੇ, ਤਾਂ ਕਵਿਤਾ ਅਮੂਰਤ ਹੋ ਜਾਂਦੀ ਹੈ। ਅਮੂਰਤ ਕਵਿਤਾ ਪ੍ਰਸੰਗ ਦੀ ਥਾਵੇਂ ਸਥਿਤੀ ਉਨਮੁਖ ਵਧੇਰੇ ਹੁੰਦੀ ਹੈ, ਜਿਸ ਕਰਕੇ ਉਸ ਦੇ ਭਾਵਾਤਮਕ ਸੰਸਾਰ ਦਾ ਬੌਧਿਕ ਪ੍ਰਤੱਖਣ ਸਿਰਜਣਾ ਪੈਂਦਾ ਹੈ।"*[4]

ਮਨੁੱਖ ਦੀ ਪਰੰਪਰਾ ਨਾਲ ਜੁੜਨਾ ਉਸਦੇ ਇਤਿਹਾਸਿਕ ਸਫਰ ਵੱਲ ਝਾਤ ਮਾਰਨਾ ਦਰਸਾਉਂਦਾ ਹੈ। ਅਸਲ ਵਿੱਚ ਕੋਈ ਵੀ ਮਨੁੱਖੀ ਮਨ ਦੀ ਕਿਰਿਆ ਸ਼ਕਤੀ ਇਤਿਹਾਸਿਕਤਾ ਤੋਂ ਗੈਰ ਹਾਜ਼ਰ ਨਹੀਂ ਹੁੰਦੀ। ਅਸਲ ਵਿਚ ਹਰ ਮਨੁੱਖ ਹੀ ਇਤਿਹਾਸਿਕ ਮਨੁੱਖ ਹੁੰਦਾ ਹੈ। ਇਸਦੀ ਸਮਝ ਇਤਿਹਾਸਿਕ ਨਿਰੰਤਰਤਾ ਵਿੱਚੋਂ ਸਮਝੀ ਜਾ ਸਕਦੀ ਹੈ।

ਸ਼ਾਇਰ ਰਣਜੀਤ ਦੀ ਕਵਿਤਾ ਉਮੀਦ ਦੀ ਕਵਿਤਾ ਹੈ ਜਿਹੜੀ ਟੁੱਟ ਜਾਂ ਭੱਜ ਜਾਣ ਵਿੱਚ ਯਕੀਨ ਨਹੀਂ ਰੱਖਦੀ, ਇਹ ਨਿਰੰਤਰ ਤੁਰੇ ਰਹਿਣ ਅਤੇ ਚੰਗੇਰੇ ਭਵਿੱਖ ਲਈ ਆਸਵੰਦ ਹੈ। ਸ਼ਾਇਰ ਦੀ ਉਮੀਦ ਨੂੰ ਇਤਿਹਾਸਿਕ ਸਮਾਜਿਕ

ਪ੍ਰਸੰਗ ਵੀ ਸਮਝਿਆ ਜਾ ਸਕਦਾ ਹੈ। ਉਹ ਜੀਵਨ ਦਾ ਅੰਤਿਮ ਪੜਾ ਮੰਨੀ ਜਾਂਦੀ ਕਬਰ ਤੇ ਜਾਣ ਤੋਂ ਵੀ 'ਬੇਡਰ' ਕਰ ਰਿਹਾ ਹੈ। ਉਸ ਨੂੰ ਕਬਰਾਂ ਤੇ ਵੀ ਉਮੀਦ ਦਿਸ ਰਹੀ ਹੈ। ਉਸ ਦੀ ਕਵਿਤਾ ਸਿਰਫ ਮਾਨਵੀ ਸੰਵੇਦਨਾ ਵਾਲੀ ਕਵਿਤਾ ਹੀ ਨਹੀਂ ਸਗੋਂ ਉਸ ਦੀ ਕਵਿਤਾ ਹਰ ਪਰਿੰਦੇ, ਰੱਖ, ਦਰਿਆ ਦੀ ਸੰਵੇਦਨਾ ਦੀ ਕਵਿਤਾ ਹੈ। ਉਹ ਆਧੁਨਿਕਤਾ ਦੇ ਨਾਲ ਨਾਲ ਪਰੰਪਰਾ ਨੂੰ ਵੀ ਤਲਾਸ਼ ਰਿਹਾ ਹੈ। ਜਿਵੇਂ :-

*ਆਓ ਯਾਰੋ ਬਾਜੀ ਲਾਈਏ*
*ਸਿਖਰ ਦੁਪਹਿਰੇ ਵਕਤ ਲੰਘਾਈਏ*
*ਉਹ ਬੋੜਾਂ ਪਿਪਲਾਂ ਗਿਰਦੇ ਚੰਦ ਕ ਚਿਹਰੇ ਰਹਿ ਗਏ ਨੇ ਮਾਂ*
*ਸੱਚਮੁੱਚ ਬਦਲ ਗਏ ਨੇ ਮੇਰੇ ਪਿੰਡ ਦੇ ਨਕਸ਼ ਨੁਹਾਰ*
*ਤੇਰੇ ਵਾਂਗਰ ਮੇਰੇ ਕੋਲ ਵੀ ਅਥਰੂ ਖਾਰੇ ਰਹਿ ਗਏ ਮਾਂ।* [5]

***ਜਾਂ***

*ਚਿੜੀਆਂ*
*ਟੋਕਰਾ ਲਾ ਚਿੜੀਆਂ ਫੜਨੀਆਂ*
*ਅਸੀਂ ਵਿਚਾਰੀਆਂ ਕੀ ਕਰਨੀਆਂ*
*ਰੰਗ ਕੇ ਆਜ਼ਾਦ ਕਰਨੀਆ*
*ਸਹਿਮ ਜਾਣਾ ਇਕ ਖੰਭ ਦੇ ਝੜ ਜਾਣ ਤੇ*
*ਡਰ ਜਾਣਾ ਇੱਕ ਚਿੜੀ ਦੇ ਮਰ ਜਾਣ ਤੇ*
*ਕਿੰਨੇ ਹੀ ਦਿਨ ਉਦਾਸ ਰਹਿਣਾ*
*ਆਪਣੇ ਆਪ ਨੂੰ ਕੋਸਣਾ*
*ਕੀਤੇ ਪਾਪ ਦਾ ਅਹਿਸਾਸ ਰਹਿਣਾ*
*ਅੱਜ ਤਿੰਨ ਦਹਾਕੇ ਬਾਅਦ ਖੰਡਰ ਬਣੇ ਘਰ ਨੂੰ ਪਰਤਿਆ*
*ਮੈਂ ਹੀ ਜਾਣਦਾ ਮੇਰੇ ਨਾਲ ਜੋ ਵਰਤਿਆ*
*ਘਰ ਦੀ ਪੜਛੱਤੀ ਤੇ ਛੇਬੇ ਦੀ ਬੋਰੀ ਫੋਲਦਿਆਂ......* [6]

ਰਣਜੀਤ ਦੀ ਕਵਿਤਾ ਬੇਸਹਾਰੇ ਲਈ ਉਮੀਦ ਅਤੇ ਜੀਵਨ ਦੀ ਕਵਿਤਾ ਹੈ। ਇਹ ਬੇਆਸ ਨਹੀਂ ਹੋਣ ਦਿੰਦੀ। ਇਹ ਬੇਰਸ ਨਹੀਂ ਹੋਣ ਦਿੰਦੀ। ਇਹ ਤੰਗੀਆਂ ਤੁਰਸ਼ੀਆਂ ਨਾਲ ਜੂਝ ਰਹੇ ਮਨੁੱਖ ਲਈ ਬਲ ਬਣਦੀ ਹੈ। ਤੰਗੀਆਂ ਤੁਰਸ਼ੀਆਂ ਵਿਚ ਜੀ ਕੇ ਅੱਗੇ ਵਧਣਾ ਇਸ ਕਵਿਤਾ ਦਾ ਪ੍ਰੇਰਕ ਕਾਰਜ ਹੈ। ਜਿਵੇਂ :-

*ਨਾ ਉਹ ਨੈਣੀ ਸੁਰਮਾ ਪਾਵੇ*
*ਨਾਹੀ ਉਹ ਅੱਖਾਂ ਮਟਕਾਵੇ*
*ਨਾ ਉਹ ਕਰਕੇ ਤਿਰਛੀ ਨਜ਼ਰ*
*ਰਾਹ ਜਾਂਦੇ ਦਾ ਦਿਲ ਬਹਿਲਾਵੇ*
*ਜਦ ਵੀ ਉਹ ਕਾਲਜ ਨੂੰ ਆਵੇ*
*ਕਿੰਨੇ ਫਿਕਰ ਨਾਲ ਲਿਆਵੇ*
*ਸ਼ਾਇਦ ਉਹ ਕਹਿ ਰਹੀ ਹੋਵੇ*
*ਠਰਦੇ ਮਾਘ ਮਹੀਨੇ ਵਿੱਚ*
*ਬਾਪ ਮੇਰੇ ਨੂੰ ਕੰਮ ਮਿਲ ਜਾਵੇ.....* [7]

ਕਵੀ ਦੇ ਕਲੇਵਰ ਵਿਚ ਮਨੁੱਖ ਹੀ ਨਹੀਂ ਹੁੰਦਾ ਸਮੁੱਚੀ ਕਾਇਨਾਤ ਹੁੰਦੀ ਹੈ। ਉਹ ਕਾਇਨਾਤ ਵਿਚੋਂ ਹੀ ਚਿੰਨਾਂ ਅਤੇ ਬਿੰਬਾਂ ਦੇ ਸਹਾਰੇ ਸਮਾਜਕ ਹੋਂਦ ਦੀ ਪਹਿਚਾਣ ਕਰਦਾ ਹੈ। ਉਸ ਲਈ ਕੁਝ ਵੀ ਓਪਰਾ ਜਾਂ ਪਰਾਇਆ ਨਹੀਂ ਹੁੰਦਾ, ਉਸਦਾ ਆਪਣਾ ਹੁੰਦਾ ਹੈ। ਉਹ ਸਰਬੱਤ ਦੀ ਉਮੀਦ ਦੀ ਕਾਮਨਾ ਨਾਲ ਭਰਿਆ ਸ਼ਾਇਰ ਹੈ:-

*ਇੱਕ ਵਾਰੀ ਐਸਾ ਚੜ ਕੇ ਆਵੇ ਸਾਲ ਨਵਾਂ*
*ਖੁਸ਼ੀਆਂ ਦੇ ਨਾਲ ਭਰ ਕੇ ਆਵੇ ਸਾਲ ਲਵਾ*
*ਜਿਹੜੇ ਘਰ ਵਿੱਚ ਮੁੱਦਤ ਤੋਂ ਹਨੇਰ ਰਿਹਾ*
*ਉਸ ਲਈ ਚਾਨਣ ਬਣ ਕੇ ਆਵੇ ਸਾਲ ਨਵਾਂ*
*ਕਿਰਤੀ ਕਾਮੇ ਦੇ ਘੋਲਾਂ ਨੂੰ ਬਲ ਮਿਲੇ*
*ਇਹਨਾਂ ਦੀ ਬਾਂ ਫੜ ਕੇ ਆਵੇ ਸਾਲ ਨਵਾਂ*
*ਸਭ ਖੇਤਾਂ ਦਾ ਜੀਵਨ ਹੋਵੇ ਹਰਾ ਭਰਾ*
*ਹਰਿਆਵਲ ਰੰਗ ਚ ਰੰਗ ਕੇ ਆਵੇ ਸਾਲ ਨਵਾਂ...* [8]

ਉਹ ਪੰਜਾਬ ਦੀ ਦੂਸ਼ਿਤ ਤੇ ਪਲੀਤ ਹੁੰਦੀ ਜਾ ਰਹੀ ਆਬ ਓ ਹਵਾ ਪ੍ਰਤੀ ਸੰਜੀਦਾ ਸ਼ਾਇਰ ਹੈ। ਉਸ ਅੰਦਰ ਮਾਂ ਦੇ ਦਰਦ ਦੀ ਚੀਸ ਹੈ, ਏਸੇ ਕਰਕੇ ਉਸਦੀਆਂ 8 ਤੋਂ ਵੱਧ ਕਵਿਤਾਵਾਂ ਵਿਚ ਮਾ ਕੇਂਦਰ ਵਿਚ ਹੈ। ਉਹ ਮਾਂ ਦਾ ਪ੍ਰਕਾਰਜ ਸਮਾਜਿਕਤਾ ਨੂੰ ਸਮਰਪਤ ਕਰਦਾ ਹੈ। ਉਹ ਮਨੁੱਖੀ ਮਾਂ ਦੇ ਘੇਰੇ ਤੱਕ ਹੀ ਸੀਮਤ ਨਹੀਂ ਕਰਦਾ, ਉਹ ਇਸ ਨੂੰ ਪਰਿੰਦਿਆਂ ਦੀਆਂ ਮਾਵਾਂ ਦੇ ਹੇਜ ਤੱਕ ਲੈ ਜਾਂਦਾ ਹੈ। ਇਹ ਉਸਦੀ ਕਵਿਤਾ ਦਾ ਵੱਡਪਣ ਹੈ। ਉਸਦੀ ਕਵਿਤਾ ਹਾਸ਼ੀਏ ਤੇ ਰਹੇ ਗਏ ਮਨੁੱਖ ਨੂੰ ਕੇਂਦਰ ਵਿਚ ਲੈ ਕੇ ਆਉਂਦੀ ਹੈ।

ਰਣਜੀਤ ਦੀ ਸ਼ਾਇਰੀ ਦੇ ਚਿੰਨ ਆਰਥਿਕ ਥੁੜਾਂ ਮਾਰੇ ਲੋਕ ਲਈ ਇਕ ਜਿਉਣ ਦਾ ਜਜ਼ਬਾ ਬਣਦੇ ਹਨ। ਉਹ ਥੱਕਦੇ ਜਾ ਟੁਟਦੇ ਨਹੀਂ ਪਰ ਅੱਗੇ ਜਰੂਰ ਵਧਦੇ ਨੇ। ਸ਼ਾਇਰ ਸ਼ਬਦ ਅਤੇ ਅਰਥ ਦੇ ਸਦੀਵੀ ਰਿਸ਼ਤੇ ਨੂੰ ਬਹੁ-ਪਸਾਰੀ ਬਣਾ ਦਿੰਦਾ ਹੈ। ਜਿਵੇਂ :-

*... ਸ਼ਬਦ*

*ਮਿੱਟੀ ਖਾਣੇ ਸੱਪ ਵੀ ਹੋ ਸਕਦੇ ਹਨ*

*ਪਰ ਅਰਥ*

*ਕੋਬਰੇ ਜਿਹੇ ਹੁੰਦੇ ਹਨ*

*ਜਿਹਨਾਂ ਤੋਂ ਬਚਣਾ ਮੁਸ਼ਕਿਲ ਹੀ ਨਹੀਂ*

*ਨਾ ਮੁਮਕਿਨ ਹੁੰਦਾ ਹੈ।* [9]

ਉਨ੍ਹਾਂ ਦਾ ਸਬਰ ਕਵਿਤਾ ਦਾ ਰੂਪਕ ਬਣਦਾ ਹੈ। ਸਖ਼ਤ ਮਿਹਨਤ ਉਨ੍ਹਾਂ ਦਾ ਅਧਾਰ ਬਣਦੀ ਹੈ। ਉਮੀਦ ਉਨ੍ਹਾਂ ਦਾ ਦਮ ਬਣਦੀ ਹੈ। ਉਸ ਦੀ ਕਵਿਤਾ ਪਰਵਾਸ ਦੇ ਦਰਦ ਅਤੇ ਉਮੀਦ ਨੂੰ ਵੀ ਚਿਤਰਦੀ ਹੈ:-

*ਇਕੱਲਤਾ*

*ਘੁੱਗ ਵਸਦੇ ਘਰਾਂ ਚ ਪਸਰੀ ਸੁਨ ਸਰਾਂ ਵਿਚ*

*ਉੱਗਿਆ ਘਾਹ ਉਜੜੇ ਘਰਾਂ ਦੀਆਂ ਕੰਧਾਂ*

*ਕੰਧਾਂ ਦੀਆਂ ਤਰੇੜਾਂ ਚੋਂ ਝਾਕਦਾ*

*ਕੋਈ ਚਿਹਰਾ ਹੁੰਦੀ ਹੈ*

*ਇਕੱਲਤਾ....*[10]

ਸਮੁੱਚੇ ਰੂਪ ਵਿੱਚ ਸ਼ਾਇਰ ਆਪਣੀ ਪਹਿਲੀ ਕਿਤਾਬ ਰਾਹੀਂ ਹੀ ਗਿਆਨ ਦਾ ਦੀਪਕ ਬਲਦਾ ਰੱਖਣ ਲਈ ਅਨੁਭਵ ਅਤੇ ਸ਼ਾਇਰੀ ਦੇ ਸੁਮੇਲ ਰਾਹੀਂ ਤੇਲ ਪਾ ਰਿਹਾ ਹੈ। ਉਹ ਕਾਇਨਾਤ ਵਿਚ ਗਿਆਨ ਦਾ ਦੀਵਾ ਬਲਦਾ ਰੱਖਣਾ ਚਾਹੁੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਰਣਜੀਤ, ਬੱਤੀ ਬਲ਼ਦੀ ਹੈ, ਪੰਨਾ 56*
2. *ਭੂਮਿਕਾ, ਭਗਵਾਨ ਢਿਲੋਂ, ਬੱਤੀ ਬਲ਼ਦੀ ਹੈ, ਪੰਨਾ -11*
3. *ਉਹੀ, ਪੰਨਾ-52*
4. *ਡਾ. ਸਰਬਜੀਤ ਸਿੰਘ, ਸ਼ਬਦ ਅਤੇ ਸਮਾਜਕਤਾ, ਪੰਨਾ -17*
5. *ਰਣਜੀਤ, ਬੱਤੀ ਬਲ਼ਦੀ ਹੈ, ਪੰਨਾ -19*
6. *ਉਹੀ, ਪੰਨਾ- 26*
7. *ਉਹੀ, ਪੰਨਾ -21*
8. *ਉਹੀ, ਪੰਨਾ -74*
9. *ਉਹੀ, ਪੰਨਾ-43*
10. *ਉਹੀ, ਪੰਨਾ -23*